**ਕੋਵਿਡ-19 ਟੀਕਾਕਰਣ ਰਜ਼ਾਮੰਦੀ ਫਾਰਮ ਨਾਲ ਨੱਥੀ 1**

**ਜਾਣਕਾਰੀ ਪਰਚੀ**

# ਜੈਨਸੇਨ COVID-19 ਵੈਕਸਿਨ

## ਜੈਨਸੇਨ COVID-19 ਵੈਕਸਿਨ ਕੀ ਹੈ ਅਤੇ ਇਸ ਦੀ ਵਰਤੋਂ ਕਿਸ ਚੀਜ਼ ਦੇ ਲਈ ਕੀਤੀ ਜਾਂਦੀ ਹੈ

ਜੈਨਸੇਨ COVID-19 ਵੈਕਸਿਨ SARS-CoV-2 ਵਾਇਰਸ ਕਰਕੇ ਹੋਈ COVID-19 ਬਿਮਾਰੀ ਨੂੰ ਰੋਕਣ ਦੇ ਲਈ ਵਰਤੀ ਜਾਣ ਵਾਲੀ ਵੈਕਸਿਨ ਹੈ। ਜੈਨਸੇਨ COVID-19 ਵੈਕਸਿਨ 18 ਸਾਲਾਂ ਜਾਂ ਵੱਧ ਉਮਰ ਦੇ ਬਾਲਗਾਂ ਨੂੰ ਦਿੱਤੀ ਜਾਂਦੀ ਹੈ। ਇਹ ਵੈਕਸਿਨ ਵਾਇਰਸ ਦੇ ਖਿਲਾਫ ਲੜਨ, COVID-19 ਬਿਮਾਰੀ ਤੋਂ ਰੱਖਿਆ ਕਰਨ ਦੇ ਲਈ ਐਂਟੀਬੌਡੀਜ਼ ਅਤੇ ਖੂਨ ਦੀਆਂ ਕੋਸ਼ਿਕਾਵਾਂ ਉਤਪੰਨ ਕਰਨ ਦੇ ਲਈ ਰੱਖਿਆ ਪ੍ਰਣਾਲੀ (ਸ਼ਰੀਰ ਦੇ ਕੁਦਰਤੀ ਰਖਵਾਲਿਆਂ) ਨੂੰ ਕਾਰਜਸ਼ੀਲ ਕਰਦੀ ਹੈ। ਇਸ ਵੈਕਸਿਨ ਵਿੱਚ ਕੋਈ ਵੀ ਸਮਗਰੀ COVID-19 ਦਾ ਕਾਰਨ ਨਹੀਂ ਬਣ ਸਕਦੀ ਹੈ।

## ਜੈਨਸੇਨ COVID-19 ਵੈਕਸਿਨ ਲੈਣ ਤੋਂ ਪਹਿਲਾਂ ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ

ਜੈਨਸੇਨ COVID-19 ਵੈਕਸਿਨ ਉਸ ਸਥਿਤੀ ਵਿੱਚ ਨਹੀਂ ਦਿੱਤੀ ਜਾਣੀ ਚਾਹੀਦੀ ਜੇਕਰ ਤੁਹਾਨੂੰ ਇਸ ਦਵਾਈ (ਹੇਠਾਂ ਸੂਚੀਬੱਧ) ਦੀ ਕਿਸੇ ਵੀ ਕਾਰਜਸ਼ੀਲ ਸਮੱਗਰੀ ਜਾਂ ਕਿਸੇ ਹੋਰ ਸਮੱਗਰੀ ਦੇ ਪ੍ਰਤੀ ਐਲਰਜੀ ਹੈ।

### ਚੇਤਾਵਨੀਆਂ ਅਤੇ ਸਾਵਧਾਨੀਆਂ

ਤੁਹਾਨੂੰ ਵੈਕਸੀਨ ਲਗਾਏ ਜਾਣ ਤੋਂ ਪਹਿਲਾਂ ਟੀਕਾਕਰਣ ਕੇਂਦਰ ਵਿਖੇ ਡਾਕਟਰ ਜਾਂ ਸਿਹਤ ਦੇਖਭਾਲ ਪੇਸ਼ੇਵਰ ਦੇ ਨਾਲ ਗੱਲ੍ਹ ਕਰੋ ਜੇ:

- ਤੁਹਾਨੂੰ ਕਦੇ ਵੀ ਕਿਸੇ ਹੋਰ ਵੈਕਸਿਨ ਟੀਕੇ ਤੋਂ ਗੰਭੀਰ ਐਲਰਜੀ ਦੀ ਪ੍ਰਤੀਕਿਰਿਆ ਹੋਈ ਹੈ;
- ਤੁਸੀਂ ਸੂਈ ਵਾਲਾ ਟੀਕਾ ਲੱਗਣ ਤੋਂ ਬਾਅਦ ਬੇਹੋਸ਼ ਹੋਏ ਹੋ;
- ਤੁਹਾਨੂੰ ਤੇਜ਼ ਬੁਖਾਰ (38 °C ਤੋਂ ਵੱਧ) ਦੇ ਨਾਲ ਗੰਭੀਰ ਸੰਕ੍ਰਮਣ ਹੈ। ਹਾਲਾਂਕਿ, ਜੇਕਰ ਤੁਹਾਨੂੰ ਹਲਕਾ ਜਿਹਾ ਬੁਖਾਰ ਹੈ ਜਾਂ ਉੱਪਰਲੇ ਸਾਹ ਮਾਰਗ ਸੰਬੰਧੀ ਸੰਕ੍ਰਮਣ ਹੈ, ਜਿਵੇਂ ਕਿ ਜ਼ੁਕਾਮ, ਤਾਂ ਤੁਸੀਂ ਫਿਰ ਵੀ ਵੈਕਸਿਨ ਲੈ ਸਕਦੇ ਹੋ;
- ਤੁਹਾਨੂੰ ਖੂਨ ਵਗਣ ਦੀਆਂ ਸਮੱਸਿਆਵਾਂ ਹਨ ਜਾਂ ਜੇਕਰ ਤੁਹਾਨੂੰ ਅਸਾਨੀ ਨਾਲ ਜ਼ਖਮ ਹੋ ਜਾਂਦੇ ਹਨ ਜਾਂ ਜੇਕਰ ਤੁਸੀਂ ਐਂਟੀਕੋਗੁਲੈਂਟ ਦਵਾਈ ਲੈ ਰਹੇ ਹੋ (ਖੂਨ ਨੂੰ ਜੰਮਣ ਤੋਂ ਰੋਕਣ ਦੇ ਲਈ);
- ਤੁਹਾਡੀ ਰੱਖਿਆ ਪ੍ਰਣਾਲੀ ਵਧੀਆ ਨਹੀਂ ਹੈ (ਇਮੀਊਨੋਡੈਫੀਸ਼ਿਐਂਸੀ) ਜਾਂ ਜੇਕਰ ਤੁਸੀਂ ਅਜਿਹੀ ਦਵਾਈ ਲੈ ਰਹੇ ਹੋ ਜੋ ਤੁਹਾਡੀ ਰੱਖਿਆ ਪ੍ਰਣਾਲੀ ਨੂੰ ਪ੍ਰਭਾਵਤ ਕਰਦੀ ਹੈ (ਜਿਵੇਂ ਕਿ ਵੱਧ ਖੁਰਾਕ ਵਿੱਚ ਕੋਰਟੀਕੋਸਟੇਰੋਇਡ, ਇਮਿਊਨੋਸਪਰੈਂਸਟ, ਜਾਂ ਐਂਟੀ-ਕੈਂਸਰ ਦਵਾਈਆਂ)।

ਜੈਨਸੇਨ COVID-19 ਵੈਕਸਿਨ ਲੈਣ ਤੋਂ ਬਾਅਦ, ਕਦੇ-ਕਦਾਈਂ ਖੂਨ ਜੰਮ ਸਕਦਾ ਹੈ ਜਾਂ ਖੂਨ ਵਿੱਚ ਪਲੇਟਲੇਟ ਦੀ ਸੰਖਿਆ ਘੱਟ ਹੋ ਸਕਦੀ ਹੈ। ਇਸ ਸਥਿਤੀ ਵਿੱਚ ਵਿਸ਼ੇਸ਼ ਸਥਾਨਾਂ (ਜਿਵੇਂ ਕਿ ਦਿਮਾਗ, ਅੰਤੜੀ, ਗੁਰਦਾ, ਤਿਲੀ) ਵਿੱਚ ਖੂਨ ਜੰਮਣ ਅਤੇ ਕਦੇ-ਕਦਾਈਂ ਖੂਨ ਵਗਣ ਦੇ ਸਮੇਤ ਗੰਭੀਰ ਮਾਮਲੇ ਹਨ। ਇਹ ਮਾਮਲੇ ਵੈਕਸੀਨੇਸ਼ਨ ਤੋਂ ਬਾਅਦ ਤਿੰਨ ਹਫਤਿਆਂ ਵਿੱਚ ਹੋਏ ਅਤੇ ਜ਼ਿਆਦਾਤਰ 60 ਤੋਂ ਘੱਟ ਉਮਰ ਦੀਆਂ ਔਰਤਾਂ ਵਿੱਚ। ਇਸ ਸਥਿਤੀ ਕਰਕੇ ਮੌਤਾਂ ਵੀ ਹੋਈਆਂ ਹਨ।

ਜੇਕਰ ਵੈਕਸੀਨੇਸ਼ਨ ਤੋਂ ਬਾਅਦ ਕੁਝ ਦਿਨਾਂ ਵਿੱਚ, ਤੁਸੀਂ ਗੰਭੀਰ ਜਾਂ ਨਿਰੰਤਰ ਸਿਰ ਦਰਦ ਜਾਂ ਧੁੰਧਲੀ ਨਜ਼ਰ ਦਾ ਅਨੁਭਵ ਕਰਦੇ ਹੋ, ਜਾਂ ਵੈਕਸੀਨੇਸ਼ਨ ਦਿੱਤੇ ਜਾਣ ਦੇ ਅੰਗ ਤੋਂ ਸਿਵਾਏ ਕਿਸੇ ਹੋਰ ਅੰਗ ਦੀ ਚਮੜੀ ‘ਤੇ ਨਾ ਉਮੀਦ ਕੀਤੇ ਗਏ ਜ਼ਖਮ ਹੁੰਦੇ ਹਨ, ਅਤੇ ਨਾਲ ਹੀ ਸਾਹ ਲੈਣ ਵਿੱਚ ਕਮੀ, ਛਾਤੀ ਦਾ ਦਰਦ, ਲੱਤਾਂ ਵਿੱਚ ਸੋਜ ਜਾਂ ਪੇਟ ਵਿੱਚ ਲਗਾਤਾਰ ਦਰਦ ਹੁੰਦਾ ਹੈ ਤਾਂ ਤੁਰੰਤ ਡਾਕਟਰੀ ਸਹਾਇਤਾ ਲਓ। ਇਹਨਾਂ ਮਾਮਲਿਆਂ ਵਿੱਚ, ਡਾਕਟਰ ਨੂੰ ਦੱਸੋ ਕਿ ਤੁਹਾਨੂੰ ਹਾਲ ਹੀ ਵਿੱਚ ਜੈਨਸੇਨ COVID-19 ਵੈਕਸਿਨ ਦਿੱਤੀ ਗਈ ਹੈ।

20 ਅਪ੍ਰੈਲ 2021 ਨੂੰ ਹੋਈ EMA ਦੀ ਸੁਰੱਖਿਆ ਕਮੇਟੀ (PRAC) ਨੇ ਸਾਰ ਕੱਢਿਆ ਕਿ COVID-19 ਦੇ ਵਰਤਮਾਨ ਵਿੱਚ ਵੀ ਭਿਆਨਕ ਖਤਰੇ (ਜੋ ਕਿ ਆਪਣੇ ਆਪ ਵਿੱਚ ਖੂਨ ਜੰਮਣ ਦਾ ਕਾਰਨ ਬਣਦੇ ਹਨ ਅਤੇ ਜਾਨਲੇਵਾ ਹੋ ਸਕਦੇ ਹਨ) ਦੇ ਨਾਲ ਲੜਨ ਦੇ ਲਈ ਜੈਨਸੇਨ COVID-19 ਵੈਕਸਿਨ ਦੇ ਲਾਭ ਗੰਭੀਰ ਪ੍ਰਭਾਵਾਂ ਦੇ ਜੋਖਿਮਾਂ ਤੋਂ ਵੱਧ ਹਨ।

## ਹੋਰ ਦਵਾਈਆਂ ਅਤੇ ਜੈਨਸੇਨ COVID-19 ਵੈਕਸਿਨ

ਜੇ ਤੁਸੀਂ ਕਿਸੇ ਹੋਰ ਦਵਾਈ ਦੀ ਵਰਤੋਂ ਕਰ ਰਹੇ ਹੋ, ਹਾਲ ਹੀ ਵਿੱਚ ਵਰਤੋਂ ਕੀਤੀ ਹੈ, ਜਾਂ ਵਰਤੋਂ ਕਰ ਸਕਦੇ ਹੋ, ਜਾਂ ਹਾਲ ਹੀ ਵਿੱਚ ਕੋਈ ਹੋਰ ਵੈਕਸੀਨ ਪ੍ਰਾਪਤ ਕੀਤੀ ਹੈ ਤਾਂ ਟੀਕਾਕਰਣ ਕੇਂਦਰ ਵਿਖੇ ਡਾਕਟਰ ਜਾਂ ਸਿਹਤ ਦੇਖਭਾਲ ਪੇਸ਼ੇਵਰ ਨੂੰ ਦੱਸੋ।

## ਗਰਭ-ਅਵਸਥਾ ਅਤੇ ਬੱਚੇ ਨੂੰ ਛਾਤੀ ਤੋਂ ਦੁੱਧ ਚੁੰਘਾਉਣਾ

ਜੇ ਤੁਸੀਂ ਗਰਭਵਤੀ ਹੋ, ਜਾਂ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਗਰਭਵਤੀ ਹੋ ਸਕਦੀ ਹੋ ਜਾਂ ਤੁਸੀਂ ਬੱਚਾ ਪੈਦਾ ਕਰਨ ਦੀ ਯੋਜਨਾ ਬਣਾ ਰਹੀ ਹੋ, ਜਾਂ ਜੇਕਰ ਤੁਸੀਂ ਬੱਚੇ ਨੂੰ ਛਾਤੀ ਦਾ ਦੁੱਧ ਚੁੰਘਾ ਰਹੀ ਹੋ, ਤ⍰⍰ ਇਹ ਵੈਕਸੀਨ ਲੈਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲਓ।

ਗਰਭਵਤੀ ਔਰਤਾਂ ਵਿੱਚ ਜੈਨਸੇਨ COVID-19 ਵੈਕਸਿਨ ਦੀ ਵਰਤੋਂ ਦੇ ਨਾਲ ਸੰਬੰਧਤ ਅਨੁਭਵ ਸੀਮਤ ਹੈ। ਜੈਨਸੇਨ COVID-19 ਵੈਕਸਿਨ ਦੇ ਨਾਲ ਕੀਤੇ ਜਾਨਵਰਾਂ ਸੰਬੰਧੀ ਅਧਿਐਨ ਗਰਭ, ਭਰੂਣ/ਬੱਚੇ ਦੇ ਵਿਕਾਸ, ਜਣਨ ਯੋਗਤਾ ਜਾਂ ਜਨਮ ਤੋਂ ਬਾਅਦ ਬੱਚੇ ਦੇ ਵਿਕਾਸ ਦੇ ਸੰਬੰਧ ਵਿੱਚ ਸਿੱਧੇ ਜਾਂ ਅਸਿੱਧੇ ਖਤਰਨਾਕ ਪ੍ਰਭਾਵ ਨਹੀਂ ਦਿਖਾਉਂਦੇ ਹਨ। ਗਰਭ ਦੇ ਦੌਰਾਨ ਜੈਨਸੇਨ COVID-19 ਵੈਕਸਿਨ ਦੇਣ ਬਾਰੇ ਕੇਵਲ ਤਾਂ ਹੀ ਵਿਚਾਰ ਕਰਨਾ ਚਾਹੀਦਾ ਹੈ ਜੇਕਰ ਸੰਭਾਵਤ ਲਾਭ ਮਾਤਾ ਅਤੇ ਬੱਚੇ ਨੂੰ ਹੋਣ ਵਾਲੇ ਸੰਭਾਵਤ ਜੋਖਿਮਾਂ ਤੋਂ ਵੱਧ ਹੋਣ।

## ਸੁਰੱਖਿਆ ਦੀ ਮਿਆਦ ਅਤੇ ਵੈਕਸੀਨ ਦੀ ਕਾਰਜਸ਼ੀਲਤਾ ਦੀਆਂ ਸੀਮਾਵਾਂ

ਵੈਕਸੀਨ ਦੁਆਰਾ ਪੇਸ਼ਕਸ਼ ਕੀਤੀ ਗਈ ਰੱਖਿਆ ਦੀ ਅਵਧੀ ਅਗਿਆਤ ਹੈ ਕਿਉਂਕਿ ਇਸ ਦਾ ਹਾਲੇ ਵੀ ਚੱਲ ਰਹੀਆਂ ਕਲੀਨਕੀ ਅਜ਼ਮਾਇਸ਼ਾਂ ਦੁਆਰਾ ਨਿਰਧਾਰਨ ਕੀਤਾ ਜਾ ਰਿਹਾ ਹੈ। ਸੁਰੱਖਿਆ ਵੈਕਸੀਨੇਸ਼ਨ ਤੋਂ ਲਗਭਗ 14 ਦਿਨਾਂ ਬਾਅਦ ਸ਼ੁਰੂ ਹੁੰਦੀ ਹੈ। ਅਤੇ ਜਿੱਥੋਂ ਤੱਕ ਵੈਕਸਿਨ ਦੀ ਗੱਲ ਹੈ ਤਾਂ ਜੈਨਸੇਨ COVID-19 ਵੈਕਸਿਨ ਦੇ ਨਾਲ ਵੈਕਸੀਨੇਟ ਹੋਣ ਨਾਲ ਸਾਰੇ ਵੈਕਸਿਨ ਲਾਭਪਾਤਰਾਂ ਦੀ ਰੱਖਿਆ ਸ਼ਾਇਦ ਨਾ ਹੋਵੇ। ਇਸ ਲਈ ਸਮਾਜਿਕ ਸਿਹਤ ਸਲਾਹ (ਮਾਸਕ, ਸਮਾਜਿਕ ਦੂਰੀ ਅਤੇ ਬਾਰ-ਬਾਰ ਹੱਥ ਧੋਣ ਦੀ ਕਿਰਿਆ) ਦਾ ਦ੍ਰਿੜਤਾ ਨਾਲ ਪਾਲਣ ਕਰਨਾ ਜਾਰੀ ਰੱਖਣਾ ਜ਼ਰੂਰੀ ਹੈ।

## ਜੈਨਸੇਨ COVID-19 ਵੈਕਸਿਨ ਕਿਵੇਂ ਦਿੱਤੀ ਜਾਂਦੀ ਹੈ

ਜੈਨਸੇਨ COVID-19 ਵੈਕਸਿਨ ਇੱਕ ਖੁਰਾਕ ਵਿੱਚ ਦਿੱਤੀ ਜਾਂਦੀ ਹੈ (ਬੂਸਟਰ ਦੀ ਲੋੜ ਤੋਂ ਬਿਨਾਂ) ਅਤੇ ਇਹ ਬਾਂਹ ਦੇ ਉੱਪਰਲੇ ਹਿੱਸੇ ਦੀ ਮਾਸਪੇਸ਼ੀ ਵਿੱਚ ਦਿੱਤੀ ਜਾਂਦੀ ਹੈ (ਇੰਟਰਾਮਸਕੁਲਰ ਇੰਜੈਕਸ਼ਨ)।

## ਸੰਭਾਵੀ ਮਾੜੇ ਪ੍ਰਭਾਵ

ਸਾਰੀਆਂ ਵੈਕਸਿਨਾਂ ਦੇ ਵਾਂਗ, ਜੈਨਸੇਨ COVID-19 ਵੈਕਸਿਨ ਮਾੜੇ ਪ੍ਰਭਾਵ ਪੈਦਾ ਕਰ ਸਕਦੀ ਹੈ, ਹਾਲਾਂਕਿ ਇਹ ਸਾਰਿਆਂ ਨੂੰ ਨਹੀਂ ਹੁੰਦੇ। ਜ਼ਿਆਦਾਤ ਮਾੜੇ ਪ੍ਰਭਾਵ ਵੈਕਸੀਨੇਸ਼ਨ ਲਗਾਉਣ ਦੇ 1-2 ਦਿਨਾਂ ਦੇ ਅੰਦਰ ਹੋਏ।

ਇੱਕੋਂ ਸਮੇਂ ‘ਤੇ ਖ਼ੂਨ ਦੇ ਗਤਲੇ ਅਤੇ ਪਲੇਟਲੇਟ ਦੀ ਬਹੁਤ ਘੱਟ ਸੰਖਿਆ ਨੂੰ ਬਹੁਤ ਘੱਟ ਵਾਰ ਰਿਪੋਰਟ ਕੀਤਾ ਗਿਆ ਸੀ (ਥ੍ਰੋਂਬੋਸਾਈਟੋਪੇਨੀਆ ਦੇ ਨਾਲ ਸੰਬੰਧਤ ਥ੍ਰੋਂਬੋਟਿਕ ਸਿੰਡ੍ਰੋਮ)। ਜੇਕਰ ਵੈਕਸੀਨੇਸ਼ਨ ਲੱਗਣ ਤੋਂ ਬਾਅਦ 3 ਹਫਤਿਆਂ ਦੇ ਅੰਦਰ ਹੇਠਾਂ ਵਿੱਚੋਂ ਕੋਈ ਵੀ ਲੱਛਣ ਦਿਖਾਈ ਦਿੱਤਾ ਹੈ, ਤਾਂ ਤੁਰੰਤ ਡਾਕਟਰੀ ਸਹਾਇਤਾ ਲਓ:

- ਤੇਜ਼ ਜਾਂ ਲਗਾਤਾਰ ਸਿਰਦਰਦ, ਧੁੰਧਲੀ ਨਜ਼ਰ, ਮਾਨਸਿਤ ਸਥਿਤੀ ਜਾਂ ਮਿਰਗੀ ਦੇ ਦੌਰੇ (ਅਕੜਾਅ) ਵਿੱਚ ਤਬਦੀਲੀਆਂ;
- ਸਾਹ ਲੈਣ ਵਿੱਚ ਸਮੱਸਿਆ, ਛਾਤੀ ਵਿੱਚ ਦਰਦ, ਸੁੱਜੀਆਂ ਹੋਈਆਂ ਲੱਤਾਂ, ਲੱਤਾਂ ਵਿੱਚ ਦਰਦ ਜਾਂ ਪੇਟ ਵਿੱਚ ਲਗਾਤਾਰ ਦਰਦ;
- ਚਮੜੀ ‘ਤੇ ਅਜੀਬ ਜਿਹੀਆਂ ਸੱਟਾਂ ਜਾਂ ਵੈਕਸੀਨੇਸ਼ਨ ਦੀ ਜਗ੍ਹਾਂ ਤੋਂ ਇਲਾਵਾ ਕਿਸੇ ਹੋਰ ਸਥਾਨ ‘ਤੇ ਬਹੁਤ ਛੋਟੇ ਗੋਲ ਨਿਸ਼ਾਨ।

ਜੇਕਰ ਕਿਸੇ ਗੰਭੀਰ ਐਲਰਜੀ ਪ੍ਰਤੀਕਿਰਿਆ ਦੇ ਕੋਈ ਲੱਛਣ ਵਾਪਰਦੇ ਹਨ, ਤਾਂ ਤੁਰੰਤ ਡਾਕਟਰੀ ਮਦਦ ਪ੍ਰਾਪਤ ਕਰੋ; ਇਹਨਾਂ ਪ੍ਰਤੀਕਿਰਿਆਵਾਂ ਵਿੱਚ ਹੇਠਲੇ ਕਿਸੇ ਵੀ ਲੱਛਣਾਂ ਦਾ ਸੁਮੇਲ ਹੋ ਸਕਦਾ ਹੈ:

- ਬੇਹੋਸ਼ੀ ਜਾਂ ਸਿਰ-ਚਕਰਾਉਂਦਾ ਮਹਿਸੂਸ ਕਰਨਾ
- ਦਿਲ ਦੀ ਧੜਕਣ ਦੀ ਦਰ ਵਿੱਚ ਤਬਦੀਲੀਆਂ
- ਸਾਹ ਲੈਣ ਵਿਚ ਮੁਸ਼ਕਲ
- ਸਾਹ ਲੈਣ ਵੇਲੇ ਘਰਰ-ਘਰਰ ਦੀ ਅਵਾਜ਼ ਆਉਣਾ
- ਬੁੱਲ੍ਹਾਂ, ਚਿਹਰੇ ਜਾਂ ਗਲੇ ਦੀ ਸੋਜ਼ਸ਼ ਹੋਣਾ
- ਛਪਾਕੀ ਜਾਂ ਧੱਫੜ
- ਜੀ ਕੱਚਾ ਹੋਣਾ ਜਾਂ ਉਲਟੀ ਆਉਣਾ

- ਢਿੱਡ ਪੀੜ।

ਜੈਨਸੇਨ COVID-19 ਵੈਕਸਿਨ ਹੇਠਲੇ ਮਾੜੇ ਪ੍ਰਭਾਵ ਪੈਦਾ ਕਰ ਸਕਦੀ ਹੈ:

*ਬਹੁਤ ਆਮ ਮਾੜੇ ਪ੍ਰਭਾਵ* (10 ਵਿੱਚੋਂ 1 ਤੋਂ ਵੱਧ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ):

- ਸਿਰ ਦਰਦ
- ਮਤਲੀ
- ਮਾਸਪੇਸ਼ੀ ਵਿੱਚ ਦਰਦ
- ਇੰਜੈਕਸ਼ਨ ਲੱਗਣ ਦੀ ਜਗ੍ਹਾਂ 'ਤੇ ਦਰਦ
- ਬਹੁਤ ਥਕਾਵਟ ਮਹਿਸੂਸ ਕਰਨਾ

*ਆਮ ਮਾੜੇ ਪ੍ਰਭਾਵ* (10 ਵਿੱਚੋਂ 1 ਤਕ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ):

- ਇੰਜੈਕਸ਼ਨ ਦੇ ਸਥਾਨ 'ਤੇ ਲਾਲੀ
- ਇੰਜੈਕਸ਼ਨ ਵਾਲੀ ਥਾਂ ਤੇ ਸੋਜ਼ਸ਼
- ਕੰਬਣਾ
- ਜੋੜਿਆਂ ਵਿੱਚ ਦਰਦ
- ਬੁਖਾਰ
- ਖੰਘ

*ਅਸਧਾਰਣ ਮਾੜੇ ਪ੍ਰਭਾਵ* (100 ਵਿੱਚੋਂ 1 ਤਕ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ):

- ਜ਼ਖਮ
- ਮਾਂਪੇਸ਼ੀਆਂ ਵਿੱਚ ਕਮਜ਼ੋਰੀ
- ਬਾਹਾਂ ਜਾਂ ਲੱਤਾਂ ਵਿੱਚ ਦਰਦ
- ਕਮਜ਼ੋਰੀ ਮਹਿਸੂਸ ਹੋਣਾ
- ਸਧਾਰਨ ਰੂਪ ਵਿੱਚ ਬਿਮਾਰ ਮਹਿਸੂਸ ਕਰਨਾ
- ਛਿੱਕਾਂ ਆਉਣੀਆਂ
- ਖਰਾਬ ਗਲਾ
- ਪਿੱਠ ਵਿੱਚ ਦਰਦ
- ਕੰਬਣਾ
- ਬਹੁਤ ਜ਼ਿਆਦਾ ਪਸੀਨਾ ਆਉਣਾ

*ਕਦੇ-ਕਦਾਈਂ ਹੋਣ ਵਾਲੇ ਮਾੜੇ ਪ੍ਰਭਾਵ* (1,000 ਵਿੱਚੋਂ 1 ਵਿਅਕਤੀ ਨੂੰ ਪ੍ਰਭਾਵਤ ਕਰ ਸਕਦੇ ਹਨ)

- ਐਲਰਜੀ ਸੰਬੰਧੀ ਪ੍ਰਤੀਕਿਰਿਆ
- ਛਪਾਕੀ

*ਕਾਫੀ ਦੁਰਲਭ ਮਾੜੇ ਪ੍ਰਭਾਵ*(10,000 ਵਿੱਚੋਂ 1 ਤਕ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ)

- ਅਸਧਾਰਣ ਸਥਾਨਾਂ 'ਤੇ ਖੂਨ ਦੇ ਗਤਲੇ (ਉਦਾਹਰਨ ਦੇ ਲਈ, ਦਿਮਾਗ, ਅੰਤੜੀ, ਜਿਗਰ, ਤਿੱਲੀ), ਜੋ ਕਿ ਖੂਨ ਵਿੱਚ ਪਲੇਟਲੇਟਾਂ ਦੀ ਘੱਟ ਸੰਖਿਆ ਦੇ ਨਾਲ ਸਬੰਧਤ ਹੈ।

*ਅਗਿਆਤ ਫ੍ਰੀਕਵੈਂਸੀ ਦੇ ਨਾਲ ਮਾੜੇ ਪ੍ਰਭਾਵ*(ਉਪਲਬਧ ਡੇਟਾ ਤੋਂ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ):

- ਗੰਭੀਰ ਐਲਰਜੀ ਸੰਬੰਧੀ ਪ੍ਰਤੀਕਿਰਿਆ

ਜੇਕਰ ਤੁਹਾਨੂੰ ਕੋਈ ਮਾੜੇ ਪ੍ਰਭਾਵ ਹੁੰਦੇ ਹਨ, ਜੋ ਕਿ ਭਾਵੇਂ ਇੱਥੇ ਸੂਚੀਬੱਧ ਨਹੀਂ ਵੀ ਹਨ, ਤਾਂ ਆਪਣੇ ਡਾਕਟਰ ਦੇ ਨਾਲ ਗੱਲ੍ਹ ਕਰੋ ਜਾਂ ਟੀਕਾਕਰਣ ਕੇਂਦਰ ਦੇ ਨਾਲ ਸੰਪਰਕ ਕਰੋ।

ਤੁਸੀਂ ਰਾਸ਼ਟਰੀ ਰਿਪੋਰਟਿੰਗ ਪ੍ਰਣਾਲੀ ਦੇ ਰਾਹੀਂ ਸਿੱਧੇ ਵੀ ਕਿਸੇ ਮਾੜੇ ਪ੍ਰਭਾਵ ਦੀ ਰਿਪੋਰਟਿੰਗ ਕਰ ਸਕਦੇ ਹੋ (https://www.aifa.gov.it/content/segnalazioni-reazioni-avverse)।

**ਜੈਨਸੇਨ COVID-19 ਵੈਕਸਿਨ ਵਿੱਚ ਕੀ ਹੁੰਦਾ ਹੈ**

ਸਰਗਰਮ ਸਮੱਗਰੀ ਇੱਕ ਰੀਕੌਂਬੀਨੈਂਟ, ਰੈਪਲੀਕੇਸ਼ਨ-ਅਯੋਗ ਏਡੈਨੋਵਾਇਰਸ ਕਿਸਮ 26 ਹੈ ਜੋ ਕਿ SARS-CoV-2 ਸਪਾਈਕ ਪ੍ਰੋਟੀਨ ਦੇ ਗੁਣ ਦਿਖਾ ਰਹੀ ਹੈ।

ਇਸ ਉਤਪਾਦ ਵਿੱਚ ਜਿਨਸੀ ਤੌਰ 'ਤੇ ਸੰਸ਼ੋਧਿਤ ਜੀਵ (GMO) ਸ਼ਾਮਲ ਹਨ।

ਹੋਰਾਂ ਗੈਰ-ਸਰਗਰਮ ਸਮੱਗਰੀਆਂ ਵਿੱਚ ਸ਼ਾਮਲ ਹਨ: 2-ਹਾਈਡ੍ਰੋਕਸੀਪ੍ਰੋਪਾਈਲ-β-ਸਾਈਕਲੋਡੈਕਸਟ੍ਰਿਨ (HBCD); ਸਿਟਰਿਕ ਐਸਿਡ ਮੋਨੋਹਾਈਡ੍ਰੇਟ; ਈਥੇਨੋਲ; ਹਾਈਡ੍ਰੋਕਲੋਰਿਕ ਐਸਿਡ; ਪੋਲੀਸੋਰਬੇਟ-80; ਸੋਡੀਅਮ ਕਲੋਰਾਈਡ; ਸੋਡੀਅਮ ਹਾਈਡ੍ਰੋਕਸਾਈਡ; ਟ੍ਰਾਈਸੋਡੀਅਮ ਸਾਈਟ੍ਰੇਟ ਡਾਈਹਾਈਡ੍ਰੇਟ; ਇੰਜੈਕਸ਼ਨਾਂ ਦੇ ਲਈ ਪਾਣੀ।